1. 'ਪਰੀ ਕਹਾਣੀ' ਵਿਚ 'ਪਰੀ' ਸ਼ਬਦ ਕਿਹੜੀ ਭਾਸ਼ਾ ਦਾ ਹੈ ?
   (a) ਅੰਗਰੇਜ਼ੀ (b) ਹਿੰਦੀ (c) ਉਰਦੂ (d) ਫ਼ਾਰਸੀ

2. 'ਮੇਰਾ ਮੁਰਸ਼ਦ ਸ਼ਾਹ ਇਨਾਇਤ ਉਹ ਲੰਘਾਏ ਪਾਰ' ਕਿਹੜੇ ਕਵੀ ਦੀਆਂ ਸਤਰਾਂ ਹਨ?
   (a) ਸ਼ੇਖ਼ ਫ਼ਰੀਦ (b) ਸ਼ਾਹ ਹੁਸੈਨ (c) ਵਜੀਦ (d) ਬੁੱਲ੍ਹੇ ਸ਼ਾਹ

3. ਵਾਰਤਕਕਾਰ ਬਿਹਾਰੀ ਲਾਲ ਪੁਰੀ ਦਾ ਜਨਮ ਕਿਹੜੇ ਜ਼ਿਲ੍ਹੇ ਵਿਚ ਹੋਇਆ ?
   (a) ਗੁਰਦਾਸਪੁਰ (b) ਅੰਮ੍ਰਿਤਸਰ (c) ਰੋਪੜ (d) ਲੁਧਿਆਣਾ

4. 'ਬਾਗੀ ਦੀ ਧੀ' ਕਹਾਣੀ ਕਿਸ ਦੀ ਲਿਖੀ ਹੋਈ ਹੈ ?
   (a) ਦਲੀਪ ਕੌਰ ਟਿਵਾਣਾ (b) ਅਜੀਤ ਕੌਰ
   (c) ਗੁਰਮੁਖ ਸਿੰਘ ਮੁਸਾਫਿਰ (d) ਸੁਜਾਨ ਸਿੰਘ

5. 'ਦੁਰਗਾ ਪ੍ਰਬੋਧ' ਪੁਸਤਕ ਕਿਸ ਦੀ ਲਿਖੀ ਹੋਈ ਹੈ ?
   (a) ਗਿਆਨੀ ਗਿਆਨ ਸਿੰਘ (b) ਪੰਡਿਤ ਤਾਰਾ ਸਿੰਘ ਨਰੋਤਮ
   (c) ਗਿਆਨੀ ਗੁਰਦਿੱਤ ਸਿੰਘ (d) ਗਿਆਨੀ ਦਿੱਤ ਸਿੰਘ

6. ਦਮੋਦਰ ਨੇ ਹੀਰ ਦਾ ਕਿੱਸਾ ਕਿਹੜੇ ਛੰਦ ਵਿਚ ਲਿਖਿਆ ਹੈ?
   (a) ਬੈਂਤ (b) ਦਵੱਈਆ (c) ਸੋਰਠਾ (d) ਕੋਰੜਾ

7. 'ਛਪਾਰ ਦਾ ਮੇਲਾ' ਕਿੱਥੇ ਲੱਗਦਾ ਹੈ?
   (a) ਜਿਲ੍ਹਾ ਨਵਾਂਸ਼ਹਿਰ (b) ਜਿਲ੍ਹਾ ਰੋਪੜ (c) ਜਿਲ੍ਹਾ ਫ਼ਿਰੋਜਪੁਰ (d) ਜਿਲ੍ਹਾ ਲੁਧਿਆਣਾ

8. 'ਨਾਦਰ ਸ਼ਾਹ ਦੀ ਵਾਰ' ਕਿਸ ਕਾਲ ਦੀ ਰਚਨਾ ਹੈ ?
   (a) ਨਾਨਕ ਕਾਲ (b) ਉੱਤਰ ਨਾਨਕ ਕਾਲ (c) ਆਧੁਨਿਕ ਕਾਲ (d) ਪੂਰਵ ਨਾਨਕ ਕਾਲ

9. 'ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜ' ਸ਼ੇਖ਼ ਫ਼ਰੀਦ ਜੀ ਨੇ ਇਸ ਸ਼ਲੋਕ ਵਿਚ ਜੀਵਨ ਦੇ ਕਿਹੜੇ ਪੱਖ ਨੂੰ ਦਰਸਾਇਆ ਹੈ?
   (a) ਖ਼ੁਸ਼ੀ ਤੇ ਹੁਲਾਸ (b) ਜੀਵਨ ਦੀ ਪਕਿਆਈ
   (c) ਨਾਸ਼ਮਾਨਤਾ ਤੇ ਛਿਣਭੰਗੁਰਤਾ (d) ਨੇਕੀ ਤੇ ਬਦੀ

10. 'ਪਤਝੜ ਦੀ ਪਾਜ਼ੇਬ' ਤੇ 'ਸੁਰਜ਼ਮੀਨ' ਕਿਹੜੇ ਕਵੀ ਦੀਆਂ ਰਚਨਾਵਾਂ ਹਨ?

(a) ਜਗਤਾਰ (b) ਜਸਵਿੰਦਰ (c) ਸੁਰਜੀਤ ਪਾਤਰ (d) ਸੁਖਵਿੰਦਰ ਅੰਮ੍ਰਿਤ

11. ਵਾਰਤਕਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀ ਸਵੈ-ਜੀਵਨੀ ਨੂੰ ਕਿੰਨੇ ਭਾਗਾਂ ਵਿਚ ਲਿਖਿਆ ਹੈ ?

(a) ਦੋ (b) ਤਿੰਨ (c) ਚਾਰ (d) ਪੰਜ

12. ਬਲਵੰਤ ਗਾਰਗੀ ਨੂੰ ਕਿਸ ਪੁਸਤਕ ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ?

(a) ਰੰਗਮੰਚ (b) ਧੂਣੀ ਦੀ ਅੱਗ (c) ਲੋਹਾ ਕੁੱਟ (d) ਕਣਕ ਦੀ ਬੱਲੀ

13. ਬਾਵਾ ਬਲਵੰਤ ਦੇ ਕਿਹੜੇ ਕਾਵਿ ਸੰਗ੍ਰਹਿ ਹਨ ?

(a) ਮਟਕ ਹੁਲਾਰੇ, ਕੰਬਦੀ ਕਲਾਈ (b) ਨਵਾਂ ਜਹਾਨ, ਚੰਦਨਵਾੜੀ

(c) ਅਮਰ ਗੀਤ, ਜਵਾਲਾਮੁਖੀ (d) ਸ਼ੀਸ਼ੇ ਦਾ ਜੰਗਲ, ਲਹੂ ਦੇ ਨਕਸ਼

14. ਜਸਵੰਤ ਸਿੰਘ ਕੰਵਲ ਰਚਿਤ ਨਾਵਲ 'ਲਹੂ ਦੀ ਲੋਅ' ਕਿਸ ਲਹਿਰ ਨਾਲ ਸੰਬੰਧਤ ਹੈ ?

(a) ਸਿੰਘ ਸਭਾ ਲਹਿਰ (b) ਆਰੀਆ ਸਮਾਜ ਲਹਿਰ

(c) ਨਕਸਲਬਾੜੀ ਲਹਿਰ (d) ਈਸਾਈ ਮਿਸ਼ਨਰੀਆਂ

15. ਨਾਵਲਕਾਰ ਨਾਨਕ ਸਿੰਘ ਨੂੰ ਕਿਹੜੇ ਨਾਵਲ ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ?

(a) ਮੰਝਧਾਰ (b) ਇੱਕ ਮਿਆਨ ਦੋ ਤਲਵਾਰਾਂ

(c) ਅੱਗ ਦੀ ਖੇਡ (d) ਚਿੱਟਾ ਲਹੂ

16. ਪੀਲੂ ਨੇ ਆਪਣੇ ਕਿੱਸੇ 'ਮਿਰਜ਼ਾ ਸਹਿਬਾਂ' ਦੀ ਰਚਨਾ ਕਿਸ ਕਾਵਿ ਰੂਪ ਵਿਚ ਕੀਤੀ ਹੈ ?

(a) ਕਾਫ਼ੀ (b) ਸੀਹਰਫ਼ੀ (c) ਸੱਦ (d) ਵਾਰ

17. 'ਮਨ ਦੀਆਂ ਮਨ ਵਿਚ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ ?

(a) ਈਸ਼ਵਰ ਚੰਦਰ ਨੰਦਾ (b) ਹਰਚਰਨ ਸਿੰਘ (c) ਸੰਤ ਸਿੰਘ ਸੇਖੋਂ (d) ਬਲਵੰਤ ਗਾਰਗੀ

18. ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਕਿਹੜੀ ਭਾਸ਼ਾ ਵਿਚ ਲਿਖਿਆ ਹੈ ?

(a) ਪੰਜਾਬੀ (b) ਫ਼ਾਰਸੀ (c) ਉਰਦੂ (d) ਬੰਗਾਲੀ

19. ਕਹਾਣੀਕਾਰ ਮੋਹਨ ਭੰਡਾਰੀ ਦਾ ਜਨਮ ਕਦੋਂ ਹੋਇਆ ?

(a) 1942 (b) 1937 (c) 1938 (d) 1940



adda 247

20. 'ਜਰਗ ਦੇ ਮੇਲੇ' ਦੌਰਾਨ ਕਿਸ ਦੀ ਪੂਜਾ ਕੀਤੀ ਜਾਂਦੀ ਹੈ ?

(a) ਸੀਤਲਾ ਮਾਤਾ (b) ਗੁੱਗਾ ਪੀਰ (c) ਖੁਆਜਾ ਪੀਰ (d) ਪੀਰ ਸ਼ੇਖ ਅਲੀ

21. 'ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ' ਇਹਨਾਂ ਸਤਰਾਂ ਵਿਚ ਹੀਰ 'ਬਾਪ ਦੇ ਬਾਪ ਦਾ ਬਾਪ' ਕਿਸ ਨੂੰ ਕਹਿੰਦੀ ਹੈ ?

(a) ਸਮਾਜ ਨੂੰ (b) ਪਰਿਵਾਰ ਨੂੰ

(c) ਭਰਾਵਾਂ ਨੂੰ (d) ਦਾਦੇ ਪੜਦਾਦੇ ਤੇ ਚਾਚੇ ਤਾਇਆਂ ਨੂੰ

22. ਪੰ. ਸ਼ਰਧਾ ਰਾਮ ਫਿਲੌਰੀ ਦੀ ਪੁਸਤਕ 'ਸਿੱਖਾਂ ਦੇ ਰਾਜ ਦੀ ਵਿਥਿਆ' ਕਿੰਨੇ ਭਾਗਾਂ ਵਿਚ ਵੰਡੀ ਹੋਈ ਹੈ ?

(a) ਚਾਰ (b) ਪੰਜ (c) ਤਿੰਨ (d) ਦੋ

23. 'ਨਾਟਕ' ਸਾਹਿਤ ਰੂਪ ਵਿਚ ਬਾਕੀ ਸਾਹਿਤ ਰੂਪਾਂ ਨਾਲੋਂ ਕੀ ਅੰਤਰ ਹੈ ?

(a) ਪਾਤਰ (b) ਨਾਇਕ (c) ਗੌਂਦ (d) ਰੰਗਮੰਚ

24. ਕੁਲਵੰਤ ਸਿੰਘ ਵਿਰਕ ਨੂੰ 'ਨਵੇਂ ਲੋਕ' ਪੁਸਤਕ ਲਈ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਕਦੋਂ ਮਿਲਿਆ ?

(a) 1965 (b) 1968 (c) 1963 (d) 1975

25. ਨਾਵਲਕਾਰ ਗੁਰਦਿਆਲ ਸਿੰਘ ਨੂੰ ਕਿਹੜੇ ਨਾਵਲ ਲਈ ਗਿਆਨ ਪੀਠ ਪੁਰਸਕਾਰ ਮਿਲਿਆ ?

(a) ਅੱਧ ਚਾਨਣੀ ਰਾਤ (b) ਪਰਸਾ (c) ਮੜ੍ਹੀ ਦਾ ਦੀਵਾ (d) ਅਣਹੋਏ

26. ਸ਼ਾਹ ਹੁਸੈਨ ਦਾ ਪੂਰਾ ਨਾਂ ਕੀ ਸੀ ?

(a) ਮਾਧੋ ਲਾਲ ਹੁਸੈਨ (b) ਮਾਧੋ ਸ਼ਾਹ ਹੁਸੈਨ (c) ਮਾਧੋ ਚੰਦ ਹੁਸੈਨ (d) ਮਾਧੋ ਦਾਸ ਹੁਸੈਨ

27. ਕਿਹੜੇ ਬਾਣੀਕਾਰ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ?

(a) ਗੁਰੂ ਅਮਰਦਾਸ (b) ਭਾਈ ਗੁਰਦਾਸ (c) ਗੁਰੂ ਨਾਨਕ ਦੇਵ ਜੀ (d) ਸ਼ੇਖ ਫ਼ਰੀਦ

28. ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਕਿਹੜੀ ਗੱਲ ਦੀ ਮਿਸਾਲ ਹੈ ?

(a) ਪੰਜਾਬੀ ਧਰਮਾਂ ਦੀ (b) ਪੰਜਾਬੀ ਅਖ਼ਾਣਾਂ ਦੀ

(c) ਪੰਜਾਬੀ ਸਭਿਆਚਾਰ ਦੀ (d) ਪੰਜਾਬੀ ਬੁਝਾਰਤਾਂ ਦੀ

29. ਹਾਫਿਜ਼ ਬਰਖੁਰਦਾਰ ਨੇ ਸਭ ਤੋਂ ਪਹਿਲਾਂ ਕਿਹੜਾ ਕਿੱਸਾ ਲਿਖਿਆ ?

(a) ਹੀਰ ਰਾਂਝਾ (b) ਮਿਰਜ਼ਾ ਸਾਹਿਬਾਂ (c) ਸੱਸੀ ਪੰਨੂ (d) ਯੂਸਫ਼ ਜ਼ੁਲੈਖਾਂ

30. 'ਬੁਘਦੂ' ਕੀ ਹੈ ?
(a) ਤੂੰਬੀ (b) ਚਿਮਟਾ (c) ਤੂੰਬਾ (d) ਢੋਲ

31. 'ਜੈਤਸਰੀ ਦੀ ਵਾਰ' ਕਿਹੜੇ ਗੁਰੂ ਕਵੀ ਦੀ ਰਚਨਾ ਹੈ ?
(a) ਗੁਰੂ ਨਾਨਕ ਦੇਵ ਜੀ (b) ਗੁਰੂ ਅਮਰਦਾਸ ਜੀ
(c) ਗੁਰੂ ਅਰਜਨ ਦੇਵ ਜੀ (d) ਭਾਈ ਗੁਰਦਾਸ

32. ਕਹਾਣੀਕਾਰ ਵਰਿਆਮ ਸੰਧੂ ਨੂੰ ਕਿਹੜੇ ਕਹਾਣੀ ਸੰਗ੍ਰਹਿ ਲਈ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਹੋਇਆ ?
(a) ਚੌਥੀ ਕੂਟ (b) ਭੱਜੀਆਂ ਬਾਹੀਂ (c) ਲੋਹੇ ਦੇ ਹੱਥ (d) ਅੰਗ-ਸੰਗ

33. ਨਾਟਕਕਾਰ ਚਰਨਦਾਸ ਸਿੱਧੂ ਨੇ ਆਪਣੀਆਂ ਨਾਟ ਸਰਗਰਮੀਆਂ ਦਾ ਕੇਂਦਰ ਕਿਸ ਨੂੰ ਬਣਾਇਆ ?
(a) ਪੰਜਾਬੀ ਥੀਏਟਰ (b) ਇਪਟਾ
(c) ਪੰਜਾਬ ਆਰਟ ਥੀਏਟਰ (d) ਕਾਲਜੀਏਟ ਡਰਾਮਾ ਸੁਸਾਇਟੀ

34. 'ਮਾਹੀਆ ਤੇ ਬਾਲੋ' ਕੀ ਹੈ ?
(a) ਨਿਰੋਲ ਸੰਬਾਦਕੀ ਗੀਤ ਰੂਪ (b) ਨਿਰੋਲ ਨਾਟਕੀ ਪਾਤਰਾਂ ਦਾ ਰੂਪ
(c) ਨਿਰੋਲ ਨਾਟਕੀ ਗੀਤਨੁਮਾ ਟੋਟਕਾ (d) ਖ਼ੁਸੀ ਵਿਚ ਗਾਉਂਦੀਆਂ ਕੁੜੀਆਂ ਦਾ ਗੀਤ

35. 'ਆਨੰਦ ਭਇਆ ਮੇਰੀ ਮਾਇ, ਸਤਿਗੁਰੂ ਮੈ ਪਾਇਆ'
ਗੁਰੂ ਅਮਰਦਾਸ ਜੀ ਦੇ ਇਸ ਸ਼ਬਦ ਵਿਚ ਕਿਹੜੀ ਸੁਰ ਪ੍ਰਧਾਨ ਹੈ?
(a) ਉੱਚੀ ਸੁਰ (b) ਸੰਬੋਧਨੀ ਸੁਰ (c) ਨੀਵੀਂ ਸੁਰ (d) ਮੱਧਮ ਸੁਰ

36. ਸ਼ੇਖ ਫ਼ਰੀਦ ਜੀ ਨੇ ਕੁਲ ਕਿੰਨੇ ਸ਼ਬਦ ਤੇ ਸ਼ਲੋਕ ਲਿਖੇ?
(a) 110 ਸ਼ਲੋਕ ਤੇ 2 ਸ਼ਬਦ (b) 112 ਸ਼ਲੋਕ ਤੇ ਇਕ ਸ਼ਬਦ
(c) 111 ਸ਼ਲੋਕ ਤੇ ਤਿੰਨ ਸ਼ਬਦ (d) 112 ਸ਼ਲੋਕ ਤੇ 4 ਸ਼ਬਦ

37. ਪੰਜਾਬੀ ਕਵੀ ਜਸਵੰਤ ਦੀਦ ਨੂੰ ਕਿਹੜੀ ਪੁਸਤਕ ਲਈ ਸਾਹਿਤ ਅਕਾਦਮੀ, ਨਵੀਂ ਦਿੱਲੀ ਦਾ ਸਾਹਿਤਕ ਪੁਰਸਕਾਰ ਪ੍ਰਾਪਤ ਹੋਇਆ ?
(a) ਅੱਖਾਂ ਵਾਲੀਆਂ ਪੈੜਾਂ (b) ਕਮੰਡਲ (c) ਬਿਰਹੜਾ (d) ਅਲਫ਼ ਦੁਪਹਿਰ

38. ਈਸ਼ਵਰ ਚੰਦਰ ਨੰਦਾ ਨੇ ਸਭ ਤੋਂ ਪਹਿਲਾ ਇਕਾਂਗੀ ਕਿਹੜਾ ਤੇ ਕਦੋਂ ਲਿਖਿਆ ?
(a) ਬੇਬੇ ਰਾਮ ਭਜਨੀ 1913 (b) ਮਾਂ ਦਾ ਡਿਪਟੀ 1914
(c) ਦੁਲਹਨ 1913 (d) ਬੇਈਮਾਨ 1912

39. ਕਾਦਰਯਾਰ ਰਚਿਤ 'ਪੂਰਨ ਭਗਤ' ਵਿਚ 'ਸੱਚ ਆਖ ਬੇਟਾ ਕਿਥੋਂ ਆਇਆ ਹੈਂ, ਕਿਹੜਾ ਮੁਲਖ ਤੇਰਾ ਕੈਂਦਾ ਪੁੱਤ ਹੈਂ ਤੂੰ' ਆਈਆਂ ਸਤਰਾਂ ਕਿਸ ਗੱਲ ਦਾ ਬਿਆਨ ਕਰਦੀਆਂ ਹਨ ?

(a) ਦੇਸ਼ ਪਿਆਰ ਦਾ (b) ਵਾਤਸਲ ਪਿਆਰ ਦਾ (c) ਮਤਰੇਏ ਪਿਆਰ ਦਾ (d) ਭਰਾਵਾਂ ਦੇ ਪਿਆਰ ਦਾ

40. 'ਬੁਝਾਰਤ' ਤੋਂ ਕੀ ਭਾਵ ਹੈ ?

(a) ਗੁੰਝਲ ਜਾਂ ਅੜਾਉਣੀ (b) ਲੋਕ ਕਥਾਵਾਂ (c) ਆਂਚਲਿਕਤਾ ਦੇ ਅੰਸ਼ (d) ਜੀਵਨ ਦਾ ਸੱਚ

41. ਹੇਠ ਲਿਖੀਆਂ ਪੁਸਤਕਾਂ ਵਿਚੋਂ ਡਾ. ਬਲਬੀਰ ਸਿੰਘ ਦੀ ਵਾਰਤਕ ਪੁਸਤਕ ਕਿਹੜੀ ਹੈ ?

(a) ਪੁੰਦਰੀਕ (b) ਸਿੱਖ ਅਤੇ ਸਿੱਖੀ (c) ਲੰਮੀ ਨਦਰ (d) ਆਤਮ ਸੁਧਾਰ

42. ਡਾ ਮਹਿੰਦਰ ਸਿੰਘ ਰੰਧਾਵਾ ਨੇ ਆਪਣੇ ਜੀਵਨ ਦਾ ਹਾਲ ਕਿਸ ਪੁਸਤਕ ਵਿਚ ਲਿਖਿਆ ਹੈ ?

(a) ਮੇਰੀ ਦੁਨੀਆ (b) ਖ਼ਾਨਾਬਦੋਸ਼ (c) ਮੇਰਾ ਨਾਨਕਾ ਪਿੰਡ (d) ਖ਼ਾਨਾਬਦੋਸ਼

43. 'ਛੇ ਘਰ' ਇਕਾਂਗੀ ਸੰਗ੍ਰਹਿ ਕਿਸ ਦਾ ਲਿਖਿਆ ਹੋਇਆ ਹੈ ?

(a) ਸੰਤ ਸਿੰਘ ਸੇਖੋਂ (b) ਬਲਵੰਤ ਗਾਰਗੀ (c) ਈਸ਼ਵਰ ਚੰਦਰ ਨੰਦਾ (d) ਕਪੂਰ ਸਿੰਘ ਘੁੰਮਣ

44. ਪਾਸ਼ ਕਿਹੜੀ ਕਾਵਿ ਪ੍ਰਵਿਰਤੀ ਦਾ ਕਵੀ ਹੈ ?

(a) ਰੋਮਾਂਟਿਕ (b) ਪ੍ਰਯੋਗਵਾਦੀ (c) ਧਾਰਮਿਕ (d) ਜੁਝਾਰਵਾਦੀ

45. ਕਹਾਣੀਕਾਰ ਨਾਨਕ ਸਿੰਘ ਦੀ ਪਹਿਲੀ ਕਹਾਣੀ 'ਰਾਖੀ' ਕਦੋਂ ਛਪੀ ?

(a) 1926 (b) 1928 (c) 1930 (d) 1927

46. 'ਸੰਮੀ' ਲੋਕ ਨਾਚ ਕਿਸ ਇਲਾਕੇ ਨਾਲ ਸੰਬੰਧਤ ਹੈ ?

(a) ਸਾਂਦਲ ਬਾਰ (b) ਪੋਠੋਹਾਰ (c) ਕਸ਼ਮੀਰ (d) ਮਾਲਵੇ

47. 'ਕਿੱਸਾ' ਸ਼ਬਦ ਕਿਹੜੀ ਭਾਸ਼ਾ ਦਾ ਹੈ ?

(a) ਉਰਦੂ (b) ਅਰਬੀ (c) ਲਾਤੀਨੀ (d) ਰੋਮਨ

48. ਸ਼ਾਹ ਮੁਹੰਮਦ ਰਚਿਤ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਕਿਸ ਤਰ੍ਹਾਂ ਦੀ ਰਚਨਾ ਹੈ ?

(a) ਅਧਿਆਤਮਕ (b) ਰਾਜਨੀਤਕ (c) ਇਤਿਹਾਸਕ (d) ਸਮਾਜਿਕ



adda 247

49. ਨਿਰੰਜਨ ਤਸਨੀਮ ਦਾ ਨਾਵਲ 'ਗੁਆਚੇ ਅਰਥ' ਕਿਹੜੀ ਸਮੱਸਿਆ ਨਾਲ ਸੰਬੰਧਤ ਹੈ ?
(a) ਆਦਿ ਵਾਸੀਆਂ ਨਾਲ
(b) ਪੰਜਾਬ ਸਮੱਸਿਆ
(c) ਨਕਸਲਬਾੜੀ ਸਮੱਸਿਆ
(d) ਬੰਗਾਲ ਸਮੱਸਿਆ

50. 'ਬਾਸਮਤੀ ਦੀ ਮਹਿਕ' ਕਹਾਣੀ ਸੰਗ੍ਰਹਿ ਕਿਸ ਦਾ ਲਿਖਿਆ ਹੋਇਆ ਹੈ ?
(a) ਨਾਨਕ ਸ਼ਿੰਘ (b) ਨੌਰੰਗ ਸਿੰਘ (c) ਕੁਲਵੰਤ ਸਿੰਘ ਵਿਰਕ (d) ਨਵਤੇਜ ਸਿੰਘ

51. ਦਲੀਪ ਕੌਰ ਟਿਵਾਣਾ ਦੀ ਸਵੈ-ਜੀਵਨੀ ਦਾ ਨਾਂ ਕੀ ਹੈ ?
(a) ਆਪ ਬੀਤੀ ਜੱਗ ਬੀਤੀ
(b) ਰਸੀਦੀ ਟਿਕਟ
(c) ਨੰਗੇ ਪੈਰਾਂ ਦਾ ਸਫ਼ਰ
(d) ਮੇਰੀ ਦੁਨੀਆ

52. 'ਨੀਤੀ ਕਥਾਵਾਂ' ਕਿਹੜੇ ਅੰਗਰੇਜ਼ੀ ਸ਼ਬਦ ਦਾ ਪੰਜਾਬੀ ਰੂਪ ਹੈ?
(a) ਮਿੱਥ (b) ਫੇਬਲ (c) ਲਿਜਿੰਡ (d) ਫੋਕ ਬੈਲਡ

53. ਸ਼ਲੋਕ ਕੀ ਹੈ ?
(a) ਕਾਵਿ ਸ਼ੈਲੀ (b) ਕਾਵਿ ਅਲੰਕਾਰ (c) ਕਾਵਿ ਰੂਪ (d) ਕਾਵਿ ਰਸ

54. ਸ਼ਾਹ ਹੁਸੈਨ ਦੀ ਪੰਜਾਬੀ ਰਚਨਾ ਦਾ ਮੂਲ ਰੂਪ ਕੀ ਹੈ?
(a) ਸ਼ਲੋਕ (b) ਕਾਫ਼ੀਆਂ (c) ਸ਼ਬਦ (d) ਸੀਹਰਫ਼ੀ

55. 'ਉਹ ਘੱਟੇ ਦੀ ਪਿੰਡੇ ਤੇ, ਮਲਦਾ ਵਿਭੂਤੀ, ਉਹ ਖਾਂਦਾ ਏ ਅੱਧੀ ਤੇ, ਵੰਡਦਾ ਸਬੂਤੀ'
ਉਪਰੋਕਤ ਸਤਰਾਂ ਕਿਹੜੇ ਕਵੀ ਦੀਆਂ ਲਿਖੀਆਂ ਹੋਈਆਂ ਹਨ ?
(a) ਭਾਈ ਵੀਰ ਸਿੰਘ (b) ਪ੍ਰੋ. ਪੂਰਨ ਸਿੰਘ (c) ਵਿਧਾਤਾ ਸਿੰਘ ਤੀਰ (d) ਜਗਤਾਰ

56. 'ਬੂਹੇ- ਬਾਰੀਆਂ' ਕਿਸ ਲੇਖਕ ਦੀ ਲਿਖੀ ਹੋਈ ਹੈ ?
(a) ਬਲਰਾਜ ਸਾਹਨੀ
(b) ਡਾ. ਟੀ.ਆਰ. ਸ਼ਰਮਾ
(c) ਡਾ. ਨਰਿੰਦਰ ਸਿੰਘ ਕਪੂਰ
(d) ਗੁਰਬਖ਼ਸ਼ ਸਿੰਘ

57. ਬਲਵੰਤ ਗਾਰਗੀ ਦਾ ਇਕਾਂਗੀ ਸੰਗ੍ਰਹਿ 'ਪੱਤਣ ਦੀ ਬੇੜੀ' ਕਦੋਂ ਪ੍ਰਕਾਸ਼ਤ ਹੋਈ ਹੈ ?
(a) 1976 (b) 1973 (c) 1972 (d) 1975

58. ਈਸ਼ਵਰ ਚੰਦਰ ਨੰਦਾ ਦਾ ਨਾਟਕ 'ਸੁੱਭਦਰਾ' ਦਾ ਵਿਸ਼ਾ ਕਿਸ ਸਮੱਸਿਆ ਨਾਲ ਸੰਬੰਧਤ ਹੈ ?
(a) ਬਾਲ ਵਿਆਹ (b) ਅਨਜੋੜ ਵਿਆਹ (c) ਵਿਧਵਾ ਵਿਆਹ (d) ਪ੍ਰੇਮ ਵਿਆਹ

59. ਗੁਰੂ ਅਰਜਨ ਦੇਵ ਜੀ ਦੁਆਰਾ ਲਿਖੀ ਰਚਨਾ 'ਬਾਵਨ ਅੱਖਰੀ' ਕਿਹੜੀ ਲਿਪੀ ਦੇ ਅੱਖਰਾਂ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ?
(a) ਫ਼ਾਰਸੀ ਲਿਪੀ (b) ਰੋਮਨ ਲਿਪੀ (c) ਦੇਵਨਾਗਰੀ ਲਿਪੀ (d) ਗੁਰਮੁਖੀ ਲਿਪੀ

60. ਗੁਰੂ ਨਾਨਕ ਦੇਵ ਜੀ ਨੇ ਕੁਲ ਕਿੰਨੀਆਂ ਵਾਰਾਂ ਰਚੀਆਂ ਹਨ?
(a) ਚਾਰ (b) ਅੱਠ (c) ਛੇ (d) ਤਿੰਨ

61. 'ਚੰਡੀ ਦੀ ਵਾਰ' ਦੀ ਕਥਾ ਕਿਸ ਪੁਰਾਣ ਵਿਚ ਮਿਲਦੀ ਹੈ ?
(a) ਮਾਰਕੰਡਾ ਪੁਰਾਣ (b) ਵਿਸ਼ਨੂੰ ਪੁਰਾਣ (c) ਭਾਗਵਤ ਪੁਰਾਣ (d) ਗਰੁੜ ਪੁਰਾਣ

ਭਾਸ਼ਾ ਜਾਂ ਬੋਲੀ

62. ਵਾਕ ਵਿਚ ਦੋ ਬਿੰਦੀ ਡੈਸ਼ (:- ) ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ।
(a) ਕਾਮੇ ਦੀ ਠੀਕ ਵਰਤੋਂ ਲਈ
(b) ਕਹੇ ਹੋਏ ਸ਼ਬਦਾਂ ਲਈ
(c) ਉਪਵਾਕਾਂ ਨੂੰ ਜੋੜਨ ਲਈ
(d) ਵੇਰਵਾ ਦੇਣ ਲਈ

63. 'ਦੁਆਬੀ' ਭਾਸ਼ਾ ਦਾ ਇਲਾਕਾ ਕਿਹੜੇ ਦੋ ਦਰਿਆਵਾਂ ਦਾ ਇਲਾਕਾ ਹੈ?
(a) ਝਨਾਂ ਤੇ ਬਿਆਸ (b) ਸਤਲੁਜ ਤੇ ਬਿਆਸ (c) ਰਾਵੀ ਤੇ ਬਿਆਸ (d) ਸਤਲੁਜ ਤੇ ਰਾਵੀ

64. ਵਰਤਮਾਨ ਵਿਚ ਪੰਜਾਬੀ ਵਰਨਮਾਲਾ ਵਿਚ ਫ਼ਾਰਸੀ ਦੀਆਂ ਧੁਨੀਆਂ ਨੂੰ ਮਿਲਾ ਕੇ ਕੁਲ ਕਿੰਨੇ ਅੱਖਰ ਹਨ?
(a) 35 (b) 40 (c) 36 (d) 41

65. 'ਅੱਧਕ' ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ ?
(a) ਨਾਸਿਕੀ ਅੱਖਰਾਂ ਨਾਲ
(b) ਬਲ ਅਤੇ ਦੁੱਤ ਅੱਖਰਾਂ ਨਾਲ
(c) ਟਿੱਪੀ ਨਾਲ
(d) ਬਿਹਾਰੀ ਨਾਲ

66. 'ਕਾਲ' ਤੋਂ ਕੀ ਭਾਵ ਹੈ ?
(a) ਕਿਰਿਆ ਦਾ ਕੋਈ ਕੰਮ ਹੋਣਾ
(b) ਕਰਮ ਦਾ ਹੋਣਾ
(c) ਨਾਂਵ ਦੀ ਵਿਸ਼ੇਸ਼ਤਾ
(d) ਧਾਤੂ ਦੀ ਪ੍ਰਧਾਨਤਾ

67. ਹੇਠ ਲਿਖਿਆਂ ਵਿਚੋਂ ਲਗਾਖਰ ਕਿਹੜੇ ਹਨ?
(a) ਬਿੰਦੀ, ਬਿਹਾਰੀ, ਸਿਹਾਰੀ
(b) ਟਿੱਪੀ, ਸਿਹਾਰੀ , ਔਂਕੜ
(c) ਬਿੰਦੀ, ਟਿੱਪੀ, ਅੱਧਕ
(d) ਔਂਕੜ, ਦੁਲੈਂਕੜ, ਅੱਧਕ

68. ਹੇਠ ਲਿਖਿਆਂ ਵਿਚੋਂ ਸਘੋਸ਼ ਅਲਪ ਪ੍ਰਾਣ ਵਿਅੰਜਨ ਕਿਹੜੇ ਹਨ ?

(a) ਪ, ਤ, ਟ (b) ਬ, ਦ, ਡ (c) ੳ, ਅ, ੲ (d) ਫ, ਥ, ਠ

69. ਦੁੱਤ ਅੱਖਰ ਕਿਹੜੇ ਹੁੰਦੇ ਹਨ?

(a) ਸਵਰ

(b) ਵਿਅੰਜਨ

(c) ਅਨੁਨਾਸਕ

(d) ਅੱਧੇ ਰੂਪ ਵਿਚ ਕਿਸੇ ਪੂਰੇ ਅੱਖਰ ਦੇ ਪੈਰ ਵਿਚ ਲਿਖੇ ਜਾਣ ਵਾਲੇ

70. 'ਕਾਵਾਂ ਦੇ ਆਖੇ __________ ਨਹੀਂ ਮਰਦੇ' ਅਖਾਣ ਨੂੰ ਪੂਰਾ ਕਰੋ।

(a) ਪਸ਼ੂ (b) ਢੋਰ (c) ਜਨੌਰ (d) ਪੰਛੀ

71. ਭਾਸ਼ਾ ਕੀ ਹੈ ?

(a) ਚਿਹਨ ਰੂਪ (b) ਸ਼ਬਦ ਰੂਪ (c) ਵਾਕ ਰੂਪ (d) ਲਗਾਂ ਮਾਤਰਾ ਰੂਪ

72. 'ਬਾਹਰ' ਤੇ 'ਬਹਾਰ' ਵਿਚ ਕਿਸ ਤਰ੍ਹਾਂ ਦਾ ਅੰਤਰ ਹੈ ?

(a) ਬਲ ਦਾ (b) ਸੁਰ ਦਾ (c) ਸੰਗਮ ਦਾ (d) ਵਾਕ ਸੁਰ ਦਾ

73. ਹੇਠ ਲਿਖਿਆਂ ਵਿਚੋਂ ਮਲਵਈ ਉਪਭਾਸ਼ਾ ਦਾ ਖੇਤਰ ਕਿਹੜਾ ਹੈ ?

(a) ਰੋਪੜ (b) ਫ਼ਿਰੋਜ਼ਪੁਰ (c) ਜਲੰਧਰ (d) ਨਵਾਂਸ਼ਹਿਰ

74. ਸਮਾਸੀ ਸ਼ਬਦਾਂ ਦੀ ਸੰਰਚਨਾ ਕਿਵੇਂ ਹੁੰਦੀ ਹੈ ?

(a) ਦੋ ਮੁਕਤ ਜਾਂ ਬੰਧੇਜੀ ਸ਼ਬਦ ਰੂਪਾਂ ਨਾਲ

(b) ਦੁਹਰੁਕਤੀ ਸ਼ਬਦਾਂ ਨਾਲ

(c) ਦੁਜਾਤੀ ਸ਼ਬਦਾਂ ਨਾਲ

(d) ਅਰਥ -ਦੁਹਰੁਕਤੀ ਸ਼ਬਦਾਂ ਨਾਲ

75. 'ਕੋਹ ਨਾ ਚੱਲੀ ਬਾਬਾ ਤਿਹਾਈ' ਕੀ ਹੈ ?

(a) ਬੁਝਾਰਤ (b) ਮੁਹਾਵਰਾ (c) ਅਖਾਣ (d) ਬੋਲੀ

76. ਪੜਨਾਂਵ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?

(a) ਚਾਰ (b) ਪੰਜ (c) ਅੱਠ (d) ਛੇ



adda247

77. 'ਭਠਿਆਰਾ' ਦਾ ਇਸਤਰੀ ਲਿੰਗ ਕੀ ਹੈ ?
(a) ਭਠਿਆਰੀ (b) ਭੱਠੀ ਵਾਲੀ (c) ਭਠਿਆਰਨ (d) ਭੱਠਆਰਣੀ

78. 'ਤਦਭਵ' ਸ਼ਬਦ ਕਿਹੜੇ ਹੁੰਦੇ ਹਨ ?
(a) ਭਾਸ਼ਾ ਦੇ ਵਰਨਾਂ ਅਨੁਸਾਰ ਗ੍ਰਹਿਣ ਕੀਤੇ ਜਾਣ
(b) ਭਾਸ਼ਾ ਦੀਆਂ ਮਾਤਰਾਵਾਂ ਅਨੁਸਾਰ ਗ੍ਰਹਿਣ ਕੀਤੇ ਜਾਣ
(c) ਭਾਸ਼ਾ ਦੀ ਧੁਨੀ ਵਿਉਂਤ ਅਨੁਸਾਰ ਗ੍ਰਹਿਣ ਕੀਤੇ ਜਾਣ
(d) ਭਾਸ਼ਾ ਦੇ ਮੌਲਿਕ ਰੂਪ ਵਿਚ ਗ੍ਰਹਿਣ ਕੀਤੇ ਜਾਣ

79. ਕਿਹੜੀਆਂ ਧੁਨੀਆਂ ਦੇ ਉਚਾਰਨ ਸਮੇਂ ਜੀਭ ਦੀ ਸਥਿਤੀ ਤੇ ਉਚਾਈ ਦਾ ਮੁੱਖ ਮਹਤੱਵ ਹੁੰਦਾ ਹੈ ?
(a) ਵਿਅੰਜਨ (b) ਸਵਰ (c) ਨਾਸਕੀ (d) ਸੁਰਾਤਮਕ

80. ਹੇਠ ਦਿੱਤੇ ਸ਼ਬਦਾਂ ਵਿਚੋਂ ਅਵਿਕਾਰੀ ਸ਼ਬਦ ਕਿਹੜੇ ਹਨ ?
(a) ਨੇ, ਨੂੰ (b) ਦੀਆਂ, ਆਈਆਂ (c) ਤੁਹਾਡੀਆਂ, ਸਾਡੀਆਂ (d) ਗਿਆ, ਤੁਹਾਡੇ

81. ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਹੀਣ ਇਕਾਈ ਕਿਹੜੀ ਹੈ ?
(a) ਭਾਵਾਂਸ਼ (b) ਸ਼ਬਦ (c) ਵਾਕ (d) ਧੁਨੀ

82. ਪੰਜਾਬੀ ਵਿਚ 'ਤ' 'ਥ' 'ਦ' ਕਿਹੜੀਆਂ ਧੁਨੀਆਂ ਹਨ ?
(a) ਮੂਰਧਨੀ (b) ਤਾਲਵੀ (c) ਦੰਤੀ (d) ਕੰਠੀ

83. ਪੰਜਾਬੀ ਵਿਚ ਵਾਕਾਂ ਦੀ ਤਰਤੀਬ ਕਿਵੇਂ ਹੈ ?
(a) ਕਰਤਾ, ਕਰਮ, ਕਿਰਿਆ (b) ਕਰਮ, ਕਰਤਾ, ਕਿਰਿਆ
(c) ਕਿਰਿਆ, ਕਰਤਾ, ਕਰਮ (d) ਕਰਤਾ, ਵਿਸ਼ੇਸ਼ਣ, ਕਰਮ

84. 'ਸ਼ੀਲਾ ਬਹੁਤ ਸੋਹਣਾ ਗਾਉਂਦੀ ਹੈ' ਵਾਕ ਵਿਚ 'ਸੋਹਣਾ' ਕਿਸ ਸ਼ਬਦ ਸ਼੍ਰੇਣੀ ਵਿਚ ਆਉਂਦਾ ਹੈ ?
(a) ਵਿਸ਼ੇਸ਼ਣ (b) ਨਾਂਵ (c) ਪੜਨਾਂਵ (d) ਕਿਰਿਆ -ਵਿਸ਼ੇਸ਼ਣ

85. 'ਮੇਜ਼ ਉੱਪਰ ਪੁਸਤਕਾਂ ਪਈਆਂ ਹਨ' ਇਸ ਵਾਕ ਵਿਚ 'ਮੇਜ਼ ਉੱਪਰ' ਦਾ ਕਾਰਕ ਕਿਹੜਾ ਹੈ ?
(a) ਕਰਤਾ ਕਾਰਕ (b) ਕਰਨ ਕਾਰਕ (c) ਸੰਪ੍ਰਦਾਨ ਕਾਰਕ (d) ਅਪਾਦਾਨ ਕਾਰਕ

86. ਨਾਸਿਕਤਾ ਦਾ ਧੁਨੀ ਪ੍ਰਵਰਗ ਕਿਹੜਾ ਹੈ ?
(a) ਅਖੰਡੀ (b) ਕੋਮਲ ਤਾਲਵੀ (c) ਖੰਡੀ (d) ਕੰਠੀ

87. ਭਾਸ਼ਾ ਦਾ ਪ੍ਰਕਾਰਜ ਕੀ ਹੈ ?
(a) ਸੁਣਨਾ ਤੇ ਲਿਖਣਾ (b) ਸੰਚਾਰ (c) ਵਿਹਾਰ (d) ਉਚਾਰਣ

88. ਗੁਰਮੁਖੀ ਲਿਪੀ ਵਿਚ ਕੁਲ ਕਿੰਨੀਆਂ ਲਗਾਂ-ਮਾਤਰਾਂ ਹਨ ?
(a) ਦਸ (b) ਪੰਦਰਾਂ (c) ਗਿਆਰਾਂ (d) ਨੌ

89. 'ਵ' ਦੀ ਥਾਂ 'ਬ' ਕਿਹੜੀ ਉਪਭਾਸ਼ਾ ਵਿਚ ਵਰਤਿਆ ਜਾਂਦਾ ਹੈ ?
(a) ਦੁਆਬੀ (b) ਪੁਆਧੀ (c) ਮਾਝੀ (d) ਮਲਵਈ

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀ ਅਰਾਜਕਤਾ, ਜੁਗਗਰਦੀ ਅਤੇ ਰਾਜਨੀਤਕ ਉਥਲ-ਪੁਥਲ ਦੀ ਸੱਚੀ ਤਸਵੀਰ ਖਿੱਚੀ ਹੈ।ਉਸ ਸਮੇਂ 'ਰਾਜੇ ਸੀਂਹ, ਮੁਕੱਦਮ ਕੁੱਤੇ' ਹੋ ਕੇ ਭਾਰਤ ਦੇ ਰਤਨ ਨੂੰ ਮਿੱਟੀ ਵਿਚ ਮਿਲਾ ਰਹੇ ਸਨ। ਕੋਤਵਾਲ ਨੇ ਕਾਲ ਦਾ ਰੂਪ ਧਾਰਨ ਕੀਤਾ ਹੋਇਆ ਸੀ।ਕੋਈ ਕੇਂਦਰੀ ਰਾਜ ਸੱਤਾ ਨਾ ਹੋਣ ਕਰਕੇ ਦੇਸ਼ ਛੋਟੇ-ਛੋਟੇ ਟੁਕੜਿਆਂ ਵਿਚ ਵੰਡਿਆ ਹੋਇਆ ਸੀ।

ਉਰੋਕਤ ਪੈਰ੍ਹੇ ਨੂੰ ਪੜ੍ਹ ਕੇ **90, 91** ਅਤੇ **92** ਪ੍ਰਸ਼ਨਾਂ ਦੇ ਉੱਤਰ ਦਿਓ।

90. ਪੈਰ੍ਹੇ ਵਿਚ ਆਏ ਸ਼ਬਦ 'ਆਪਣੇ ਸਮੇਂ ਦੀ' ਤੋਂ ਕੀ ਭਾਵ ਹੈ ?
(a) ਪੁਰਾਤਨ ਕਾਲ (b) ਸਮਕਾਲ (c) ਆਧੁਨਿਕ (d) ਤਰਤਮਾਨ

91. ਪੈਰ੍ਹੇ ਵਿਚ ਆਇਆ ਸ਼ਬਦ 'ਅਰਾਜਕਤਾ' ਕਿਸ ਗੱਲ ਨੂੰ ਪ੍ਰਗਟਾਉਂਦਾ ਹੈ ?
(a) ਖ਼ੁਸ਼ਹਾਲ ਰਾਜ (b) ਸੱਤਾ ਪ੍ਰਧਾਨ (c) ਲੋਕਰਾਜ (d) ਬਦਇੰਤਜ਼ਾਮੀ

92. ਪੈਰ੍ਹੇ ਵਿਚ 'ਮੁਕੱਦਮ' ਕਿਸ ਨੂੰ ਕਿਹਾ ਗਿਆ ਹੈ ?
(a) ਮਾਮਲਾ ਉਗਰਾਹੁਣ ਵਾਲੇ ਨੂੰ (b) ਵਜ਼ੀਰ ਨੂੰ
(c) ਦਰਬਾਨ ਨੂੰ (d) ਅਦਾਲਤੀ ਕਾਰਵਾਈ ਕਰਨ ਵਾਲੇ ਨੂੰ

ਮਨੁੱਖ ਦਾ ਘਰ ਨਿਰਾ ਉਹਦਾ ਕਵਿਤਾ ਦਾ ਇਕ ਬੰਦ ਹੀ ਨਹੀਂ, ਉਹਦੀ ਕਵਿਤਾ ਵਿਚ ਨਵੀਆਂ ਤਾਲਾਂ ਦਾ ਪ੍ਰੇਰਕ ਵੀ ਹੁੰਦਾ ਹੈ।ਜੇਕਰ ਕਵਿਤਾ ਨੂੰ ਔਖੇ ਤੇ ਗਹਿਣਿਆਂ ਸ਼ਿੰਗਾਰੇ ਦੁਰਲੱਭ ਲਫ਼ਜ਼ਾਂ ਦੀ ਮੁਥਾਜੀ ਨਹੀਂ, ਉਸੇ ਤਰ੍ਹਾਂ 'ਘਰ' ਨੂੰ ਵੀ ਕਿਸੇ ਮਹਿੰਗੇ ਖਿਲਾਰੇ ਦੀ ਲੋੜ ਨਹੀਂ, ਜਿੰਨੀਆਂ ਚੀਜ਼ਾਂ ਆਪਣੇ ਜੀਵਨ ਕਰਤੱਵ ਲਈ ਲੋੜੀਂਦੀਆਂ ਹੋਣ, ਓਨੀਆਂ ਨੂੰ ਪੈਦਾ ਕਰਦੇ ਰਹਿਣ ਦੇ ਯਤਨਾਂ ਵਿਚ ਵੀ ਕਵਿਤਾ ਹੈ ਤੇ ਉਹਨਾਂ ਨੂੰ ਕਵਿਤਾ ਵਾਂਗ ਚੁਣ ਕੇ ਘਰ ਦੀ ਸਖ਼ਸ਼ੀਅਤ ਬਣਾਉਣਾ ਵੀ ਕਵਿਤਾ ਹੈ।

93. ਉਪਰੋਕਤ ਪੈਰ੍ਹੇ ਦਾ ਕੇਂਦਰੀ ਵਿਚਾਰ ਕੀ ਹੈ ?
(a) ਘਰੇਲੂ ਜੀਵਨ ਤੇ ਕਾਵਿ ਰਚਨਾ ਦੋਵੇਂ ਸਹਿਜ ਰੂਪੀ ਹਨ।
(b) ਕਵਿਤਾ ਦੀ ਰਚਨਾ ਔਖੀ ਤੇ ਜਟਿਲ ਹੈ।
(c) ਘਰ ਦੀ ਸਜਾਵਟ ਲਈ ਮਹਿੰਗੀਆ ਵਸਤਾਂ ਦੀ ਲੋੜ ਹੁੰਦੀ ਹੈ।
(d) ਘਰ ਤੇ ਸ਼ਖ਼ਸੀਅਤ ਮਿਲ ਕੇ ਕਵਿਤਾ ਬਣਾਉਂਦੇ ਹਨ।

94. __________ ਵਾਕ ਦੇ ਅੰਗ ਹੁੰਦੇ ਹਨ|

(a) ਉਦੇਸ਼, ਵਿਧੇਯ (b) ਕਰਤਾ, ਕਰਮ

(c) ਆਰਥਕ, ਸਾਰਥਕ (d) ਕਰਤਾ, ਕਰਮ, ਕਿਰਿਆ

95. ਭਾਵਵਾਚਕ ਨਾਂਵ ਕਿਹੜਾ ਹੈ।

(a) ਪਾਣੀ (b) ਗਮੀ (c) ਮੇਜ਼ (d) ਪਰ

96. ਕਿਹੜਾ ਸ਼ਬਦ ਵਿਕਾਰੀ ਹੈ

(a) ਸਗੋਂ (b) ਕੁੱਝ (c) ਪਰ (d) ਮੇਜ਼

97. ਨਾਸਕੀ ਵਿਅੰਜਨ ਕਿਹੜਾ ਹੈ ?

(a) ਝ (b) ਚ (c) ਣ (d) ਦ

98. ਅੱਧਕ ਦੀ ਵਰਤੋਂ ਕਿੰਨੀਆਂ ਲਗਾਂ-ਮਾਤਰਾਵਾਂ ਨਾਲ ਹੁੰਦੀ ਹੈ ?

(a) ਪੰਜ (b) ਤਿੰਨ (c) ਛੇ (d) ਦੋ

99. ਸੁਰ ਵਾਹਕ ਕਿੰਨੇ ਹਨ ?

(a) ਦੋ (b) ਤਿੰਨ (c) ਚਾਰ (d) ਪੰਜ

100. ਬਿੰਦੀ ਦੀ ਵਰਤੋਂ ਕਿੰਨੀਆਂ ਲਗਾਂ-ਮਾਤਰਾਵਾਂ ਨਾਲ ਹੁੰਦੀ ਹੈ?

(a) ਚਾਰ (b) ਪੰਜ (c) ਛੇ (d) ਤਿੰਨ

101. ਅਰਧ-ਸਵਰ __________ ਅੱਖਰ ਹੈ|

(a) ਰ (b) ਯ (c) ਅ (d) ਕ

102. 'ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥' ਉਪਰੋਕਤ ਪੰਕਤੀਆਂ ਦਾ ਰਚਨਾਕਾਰ ਹੈ :

(a) ਗੁਰੂ ਨਾਨਕ ਦੇਵ (b) ਭਗਤ ਕਬੀਰ (c) ਗੁਰੂ ਅਰਜਨ ਦੇਵ (d) ਗੁਰੂ ਅੰਗਦ ਦੇਵ

103. 'ਚੰਡੀ ਦੀ ਵਾਰ' ਕਿਸ ਛੰਦ ਵਿੱਚ ਰਚੀ ਗਈ ?

(a) ਦੋਹਰਾ (b) ਬੈਂਤ (c) ਕੋਰੜਾ (d) ਸਿਰਖੰਡੀ

104. ਕਿਹੜਾ ਜੁੱਟ ਸਹੀ ਨਹੀਂ ਹੈ ?

(a) ਆਰਸੀ-ਪ੍ਰਿੰਸੀਪਲ ਤੇਜਾ ਸਿੰਘ
(b) ਮੇਰੀ ਦੁਨੀਆ-ਨਾਨਕ ਸਿੰਘ
(c) ਉਮਰ ਦਾ ਪੰਧ-ਸੰਤ ਸਿੰਘ ਸੇਖੋਂ
(d) ਰਸੀਦੀ ਟਿਕਟ-ਬਲਵੰਤ ਗਾਰਗੀ

105. ਪੀਲੂ ਦੀ ਕਿਹੜੀ ਰਚਨਾ ਹੈ ?

(a) ਹੀਰ ਰਾਂਝਾ
(b) ਸੱਸੀ ਪੁੰਨੂੰ
(c) ਮਿਰਜ਼ਾ ਸਾਹਿਬਾ
(d) ਸੋਹਣੀ ਮਹੀਵਾਲ

106. ਜਿਨ੍ਹਾਂ ਸ਼ਬਦਾਂ ਤੋਂ ਕਿਸੇ ਕੰਮ ਦੇ ਹੋਣ ਜਾਂ ਵਾਪਰਨ ਦਾ ਪਤਾ ਲੱਗੇ ਉਨ੍ਹਾਂ ਨੂੰ ________ ਕਿਹਾ ਜਾਂਦਾ ਹੈ।

(a) ਪੜਨਾਂਵ
(b) ਵਿਸ਼ੇਸ਼ਣ
(c) ਨਾਂਵ
(d) ਕਿਰਿਆ

107. 'ਮੱਕੇ ਦੀ ਗੋਸਟਿ ' ਕਿਸ ਦੇ ਵਿਚਕਾਰ ਹੋਈ ?

(a) ਗੁਰੂ ਨਾਨਕ ਦੇਵ ਅਤੇ ਸ਼ਾਹ ਸ਼ਰਫ਼
(b) ਗੁਰੂ ਨਾਨਕ ਦੇਵ ਅਤੇ ਕਾਜ਼ੀਆਂ
(c) ਗੁਰੂ ਨਾਨਕ ਦੇਵ ਅਤੇ ਮੁਹੰਮਦ ਸਾਹਿਬ
(d) ਗੁਰੂ ਨਾਨਕ ਦੇਵ ਅਤੇ ਇਬਰਾਹੀਮ

108. 'ਲਫ਼ਜ਼ਾਂ ਦੀ ਦਰਗਾਹ' ਕਾਵਿ-ਸੰਗ੍ਰਹਿ ਕਿਸ ਕਵੀ ਦੀ ਰਚਨਾ ਹੈ ?

(a) ਸ਼ਿਵ ਕੁਮਾਰ
(b) ਜਸਵੰਤ ਦੀਦ
(c) ਬਾਵਾ ਬਲਵੰਤ
(d) ਸੁਰਜੀਤ ਪਾਤਰ

adda247

109. ਲੋਕ-ਗਹਿਣਿਆਂ ਦਾ ਕਿਹੜਾ ਜੁੱਟ ਸਹੀ ਹੈ ?

(a) ਗਜਰੇ-ਵਾਲੀਆਂ
(b) ਝੁਮਕੇ-ਛੱਲਾ
(c) ਕੈਂਠਾ-ਹਾਰ
(d) ਮੁੰਦਰਾਂ-ਕੋਕਾ

110. ਮੁਹਾਰਨੀ ਦਾ ਸਹੀ ਕ੍ਰਮ ਕੀ ਹੈ।

(a) ਅ ਆ ਇ ਈ ਏ ਐ ਣ ਊ ਓ ਔ
(b) ਅ ਆ ਇ ਹੀ ਉ ਊ ਓ ਔ ਏ ਐ
(c) ਅ ਆ ਇ ਈ ਏ ਐ ਓ ਔ ਉ ਊ
(d) ਅ ਆ ਇ ਈ ਉ ਊ ਏ ਐ ਓ ਔ

111. ਕਿਸ ਕਾਵਿ-ਰੂਪ ਨੂੰ ਅੱਖਰ ਕ੍ਰਮ ਵਿੱਚ ਲਿਖ ਸਕਦੇ ਹਾਂ ?

(a) ਪੱਟੀ (b) ਰੁੱਤੀ (c) ਬਾਰਾਮਾਹ (d) ਥਿੱਤੀ

112. ਚਰਨ ਦਾਸ ਸਿੱਧੂ ਦੇ ਨਾਟਕਾਂ ਵਿੱਚ ਆਂਚਲਿਕ ਖੇਤਰ ________ ਹੈ।

(a) ਮਾਲਵਾ (b) ਮਾਝਾ (c) ਦੁਆਬਾ (d) ਪੁਆਧ

113. 'ਮੇਰਾ ਵਲਾਇਤੀ ਸਫ਼ਰਨਾਮਾ' ________ ਦੀ ਰਚਨਾ ਹੈ।

(a) ਬਲਰਾਜ ਸਾਹਨੀ

(b) ਸੰਤੋਖ ਸਿੰਘ ਧੀਰ

(c) ਲਾਲ ਸਿੰਘ ਕਮਲਾ ਅਕਾਲੀ

(d) ਗਿਆਨੀ ਹੀਰਾ ਸਿੰਘ ਦਰਦ

114. ਸੰਤ ਸਿੰਘ ਸੇਖੋਂ ਦੀ ਰਚਨਾ ________ ਹੈ।

(a) ਛੇ-ਘਰ

(b) ਵਰ-ਘਰ

(c) ਲੋਹਾ ਕੁੱਟ

(d) ਰਾਤ ਕੱਟ ਗਈ

115. 'ਉਹ ਸਵੇਰੇ-ਸਵੇਰੇ ਸੈਰ ਕਰਨ ਜਾਂਦਾ ਹੈ' ਵਾਕ ਵਿੱਚ 'ਸਵੇਰੇ-ਸਵੇਰੇ' ਕਿਸ ਸ਼ਬਦ ਸ਼੍ਰੇਣੀ ਵਿੱਚ ਆਉਂਦਾ ਹੈ।

(a) ਨਾਂਵ (b) ਕਿਰਿਆ ਵਿਸ਼ੇਸ਼ਣ (c) ਕਿਰਿਆ (d) ਵਿਸ਼ੇਸ਼ਣ

116. ਕਿਹੜਾ ਜੁੱਟ ਸਹੀ ਹੈ ?

(a) ਚਿੱਟਾ ਲਹੂ-ਨਾਵਲ (b) ਸੱਚ ਨੂੰ ਫਾਂਸੀ-ਨਾਟਕ (c) ਕੁਵੇਲ-ਵਾਰਤਕ (d) ਹਾਣੀ-ਕਵਿਤਾ

117. ਕੁਲਵੰਤ ਸਿੰਘ ਵਿਰਕ ਕਿਹੜੀ ਪੀੜ੍ਹੀ ਦਾ ਕਹਾਣੀਕਾਰ ਹੈ ?

(a) ਪਹਿਲੀ (b) ਨਵੇਂ ਦੌਰ ਦੀ (c) ਤੀਜੀ (d) ਦੂਜੀ

118. 'ਪੱਲੇ ਨਹੀਂ ਧੇਲਾ, ਕਰਦੀ ਮੇਲਾ-ਮੇਲਾ' ਦਾ ਸੰਬੰਧ ________ ਨਾਲ ਹੈ।

(a) ਟੱਪਾ (b) ਦੋਹਾ (c) ਅਖਾਣ (d) ਮੁਹਾਵਰਾ

119. ਬੁੱਲ੍ਹੇ ਸ਼ਾਹ ਨੇ ਕਿਹੜੇ ਕਾਵਿ ਰੂਪਾਂ ਵਿੱਚ ਰਚਨਾ ਨਹੀਂ ਕੀਤੀ ?

(a) ਸ਼ਬਦ, ਡਿਓਢ (b) ਅਠਵਾਰਾ, ਗੰਢਾ
(c) ਦੋਹੜਾ, ਸੀਹਰਫ਼ੀ (d) ਕਾਫੀ, ਬਾਰਾਮਾਹ

120. 'ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫ਼ੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।' ਉਪਰੋਕਤ ਕਾਵਿ-ਸਤਰਾਂ ਕਿਸ ਕਵੀ ਦੀਆਂ ਹਨ ?

(a) ਪਾਸ਼ (b) ਜਗਤਾਰ
(c) ਅੰਮ੍ਰਿਤਾ ਪ੍ਰੀਤਮ (d) ਸੁਰਜੀਤ ਪਾਤਰ

121. 'ਉਹ ਬੱਚਾ ਸ਼ਰਾਰਤੀ ਹੈ' ਵਾਕ ਵਿਚੋਂ ਵਿਸ਼ੇਸ਼ਣ ਚੁਣੋ।

(a) ਉਹ (b) ਬੱਚਾ (c) ਸ਼ਰਾਰਤੀ (d) ਹੈ

122. ਬਾਰਾਂਮਾਹ ਕਾਵਿ-ਰੂਪ ਕਿਸ ਮਹੀਨੇ ਤੋਂ ਸ਼ੁਰੂ ਹੁੰਦਾ ਹੈ ?

(a) ਪੋਹ (b) ਚੇਤ (c) ਸਾਵਣ (d) ਵਿਸਾਖ

123. ਗੁਰੂ ਨਾਨਕ ਦੇਵ ਜੀ ਨੇ ਬਾਰਾਮਾਹ ਦੀ ਰਚਨਾ ਕਿਸ ਰਾਗ ਵਿੱਚ ਕੀਤੀ ?

(a) ਸਿਰੀਰਾਗ (b) ਰਾਗ ਤੁਖਾਰੀ ਵਿਚ
(c) ਮਾਰੂ ਰਾਗ ਵਿਚ (d) ਰਾਗ ਮਾਝ ਵਿਚ

124. ਸ਼ਾਹ ਹੁਸੈਨ ਦਾ ਸੰਬੰਧ ਕਿਸ ਸੂਫ਼ੀ ਸੰਪ੍ਰਦਾਇ ਨਾਲ ਹੈ ?

(a) ਚਿਸ਼ਤੀ (b) ਮਲਾਮਤੀ (c) ਸੁਹਰਾਵਾਦੀ (d) ਨਕਸ਼ਬੰਦੀ

125. ਬੁੱਲ੍ਹੇ ਸ਼ਾਹ ਦੇ ਮੁਰਸ਼ਦ ਦਾ ਕੀ ਨਾਮ ਹੈ ?

(a) ਮੁਹੰਮਦ ਸ਼ਾਹ (b) ਸ਼ਾਹ ਇਨਾਇਤ (c) ਅੱਲਾ ਰੱਖਾ (d) ਸ਼ਾਹ ਮਰਨਾਮ

126. 'ਮੈਂ', 'ਅਸੀਂ' ਕਿਸ ਤਰ੍ਹਾਂ ਦੇ ਪੜਨਾਂਵ ਹਨ ?

(a) ਨਿਸਚੇ ਵਾਚਕ (b) ਅਨਿਸਚੇ ਵਾਚਕ (c) ਪ੍ਰਸ਼ਨਵਾਚਕ (d) ਪੁਰਖ ਵਾਚਕ

127. 'ਉਹ ਕੋਠੇ ਉੱਤੇ ਚੜ੍ਹ ਗਿਆ'। ਵਾਕ ਵਿੱਚ 'ਉਹ' ਕੀ ਹੈ?

(a) ਵਿਸ਼ੇਸ਼ਣ (b) ਪੜਨਾਂਵ (c) ਕਿਰਿਆ ਵਿਸ਼ੇਸ਼ਣ (d) ਨਾਂਵ

128. 'ਤੁਹਾਨੂੰ' ਦੀ ਥਾਂ 'ਥੁਆਨੂੰ' ਤੁਹਾਡੀ ਦੀ ਥਾਂ 'ਥੋਡੀ' ________ ਬੋਲਦੇ ਹਨ।

(a) ਦੁਆਬੀ ਵਿੱਚ (b) ਮਾਝੀ ਵਿਚ (c) ਪੁਆਧੀ ਵਿਚ (d) ਮਲਵਈ ਵਿਚ

129. ਪੋਸ਼ ਦੀ ਕਾਵਿ-ਰਚਨਾ ਕਿਸ ਵਿਚਾਰਧਾਰਾ ਨਾਲ ਸੰਬੰਧਿਤ ਹੈ ?

(a) ਪ੍ਰਯੋਗਵਾਦੀ (b) ਨਕਸਲੀ ਵਿਚਾਰਧਾਰਾ

(c) ਪ੍ਰਗਤੀਵਾਦੀ ਵਿਚਾਰਧਾਰਾ (d) ਇਤਿਹਾਸਕ ਚੇਤਨਾ

130. 'ਹਾਏ ਓ ਰੱਬਾ, ਹਾਏ ਮਾਂ' ਵਿਸਮਿਕ ਕਿਹੜੀ ਕਿਸਮ ਦੇ ਹਨ ?

(a) ਪ੍ਰਸ਼ੰਸਾ-ਵਾਚਕ ਵਿਸਮਿਕ (b) ਸ਼ੋਕ-ਵਾਚਕ ਵਿਸਮਿਕ

(c) ਸੂਚਨਾ-ਵਾਚਕ ਵਿਸਮਿਕ (d) ਸਤਿਕਾਰ-ਵਾਚਕ ਵਿਸਮਿਕ

131. ਭਾਈ ਗੁਰਦਾਸ ਜੀ ਨੇ ਕਿਹੜੇ ਕਾਵਿ-ਰੂਪਾਂ ਵਿੱਚ ਰਚਨਾ ਕੀਤੀ ਹੈ ?

(a) ਵਾਰ, ਕਬਿੱਤ ਅਤੇ ਸਲੋਕ (b) ਵਾਰ, ਅਸ਼ਟਪਦੀ ਅਤੇ ਸਵੱਈਏ

(c) ਵਾਰ, ਸ਼ਬਦ ਅਤੇ ਛੰਤ (d) ਵਾਰ, ਕਬਿੱਤ ਅਤੇ ਸਵੱਈਏ

132. 'ਮੇਰਾ ਸਕੂਲ ਤੇਰੇ ਘਰ ਤੋਂ ਪਰੇ ਹੈ।' ਵਾਕ ਵਿੱਚ 'ਪਰੇ' ਕੀ ਹੈ ?

(a) ਪੂਰਨ ਸੰਬੰਧਕ (b) ਯੋਜਕ (c) ਸਹਾਇਕ ਕਿਰਿਆ (d) ਕਿਰਿਆ

133. ਛਪਾਰ ਦੇ ਮੇਲੇ ਦਾ ਸੰਬੰਧ ਕਿਸ ਨਾਲ ਸੰਬੰਧਿਤ ਹੈ ?

(a) ਲਾਲਾਂ ਵਾਲਾ ਪੀਰ (b) ਖ੍ਵਾਜਾ ਪੀਰ (c) ਬਾਲਕ ਨਾਥ (d) ਗੁੱਗਾ ਪੀਰ

134. ਗੁਰੂ ਨਾਨਕ ਦੇਵ ਜੀ ਦੀ ਬਾਣੀ ਕਿੰਨੇ ਰਾਗਾਂ ਵਿੱਚ ਹੈ ?

(a) 20 ਰਾਗਾਂ ਵਿੱਚ (b) 19 ਰਾਗਾਂ ਵਿੱਚ

(c) 22 ਰਾਗਾਂ ਵਿੱਚ (d) 18 ਰਾਗਾਂ ਵਿੱਚ

135. 'ਅੱਖੀ ਡਿੱਠਾ' ਸ਼ਬਦ ਕਿਸ ਉਪਭਾਸ਼ਾ ਦਾ ਹੈ ?

(a) ਪੁਆਧੀ (b) ਮਲਵਈ (c) ਮਾਝੀ (d) ਦੁਆਬੀ